# ਮਾਪਿਆਂ ਨੂੰ ਜਾਣੂ ਹੋਣਾ ਚਾਹੀਦਾ ਹੈ: ਐੱਫ ਐੱਸ ਏ ਟੈੱਸਟ ਫਾਇਦੇਮੰਦ ਨਹੀਂ ਹਨ



## ਆਉ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ ਟੈੱਸਟਾਂ ਉੱਪਰ ਕਲਾਸ ਦਾ ਸਮਾਂ ਬਰਬਾਦ ਕਰਨਾ ਬੰਦ ਕਰੀਏ

## ਟੀਚਰ ਕੀ ਯਕੀਨ ਕਰਦੇ ਹਨ:

- ਐੱਫ ਐੱਸ ਏ ਟੈੱਸਟ ਨਾ ਹੀ ਫਾਇਦੇਮੰਦ ਅਤੇ ਨਾ ਹੀ ਮਦਦ ਕਰਨ ਵਾਲੇ ਹਨ, ਇਹ ਗੱਲ ਮਹਾਂਮਾਰੀ ਦੌਰਾਨ ਖਾਸ ਕਰਕੇ ਸਹੀ ਹੈ ਜਦੋਂ ਤਣਾਅ ਦੇ ਪੱਧਰ ਪਹਿਲਾਂ ਹੀ ਵਧੇ ਹੋਏ ਹਨ।
- ਸਾਰੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਬੀਤੀ ਬਹਾਰ ਰੁੱਤ ਵਿਚ ਵਿਘਨ ਪਿਆ ਹੈ, ਅਤੇ ਸਕੂਲ ਵਿਚ ਹੋਈਆਂ ਸਾਰੀਆਂ ਤਬਦੀਲੀਆਂ ਮੁਤਾਬਕ ਵਿਦਿਆਰਥੀਆਂ ਨੂੰ ਅਡਜਸਟ ਹੋਣ ਲਈ ਸਮੇਂ ਦੀ ਲੋੜ ਹੈ।
- ਟੀਚਰਾਂ ਨੂੰ ਕਲਾਸ ਦਾ ਕੀਮਤੀ ਸਮਾਂ, ਟੈੱਸਟ ਉੱਪਰ ਘੰਟਿਆਂ ਬੱਧੀ ਲਗਾਉਣ ਦੀ ਬਜਾਏ ਪੜ੍ਹਾਈ ਕਰਵਾਉਣ ਅਤੇ ਸਿਖਾਉਣ ’ਤੇ ਧਿਆਨ ਦੇਣ ਲਈ ਚਾਹੀਦਾ ਹੈ।
- ਟੀਚਰ, ਅਸਰਦਾਰ ਤਰੀਕੇ ਨਾਲ ਵਿਦਿਆਰਥੀ ਦੀ ਤਰੱਕੀ ਦੀ ਅਸੈੱਸਮੈਂਟ ਕਰਨ ਲਈ ਅਤੇ ਵਿਦਿਆਰਥੀ ਦੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਵੱਖ ਵੱਖ ਰਸਮੀ ਅਤੇ ਗੈਰ-ਰਸਮੀ ਤਰੀਕੇ ਵਰਤਦੇ ਹਨ।
- ਕਲਾਸਰੂਮ ਵਿਚ ਜਾਰੀ ਰਹਿਣ ਵਾਲੀ ਅਸੈੱਸਮੈਂਟ ਪਾਠਾਂ ਦੀ ਪਲੈਨ ਕਰਨ ਅਤੇ ਇਨ੍ਹਾਂ ਨੂੰ ਅਨੁਕੂਲ ਬਣਾਉਣ ਵਿਚ ਟੀਚਰਾਂ ਦੀ ਮਦਦ ਕਰਦੀ ਹੈ ਅਤੇ ਵਿਦਿਆਰਥੀਆਂ ਨੂੰ ਬਹੁਤ ਸਾਰੇ ਵੱਖ ਵੱਖ ਤਰੀਕਿਆਂ ਨਾਲ ਇਹ ਦਿਖਾਉਣ ਦਿੰਦੀ ਹੈ ਕਿ ਉਹ ਕੀ ਸਿੱਖ ਰਹੇ ਹਨ।
- ਟੀਚਰਾਂ ਨੇ ਚਿਰਾਂ ਤੋਂ ਇਹ ਦੇਖਣ ਲਈ ਐੱਫ ਐੱਸ ਏ ਨਾਲੋਂ ਬਿਹਤਰ ਤਰੀਕਿਆਂ ਦੀ ਹਿਮਾਇਤ ਕੀਤੀ ਹੈ ਕਿ ਬੀ ਸੀ ਦਾ ਸਕੂਲ ਸਿਸਟਮ ਵਿਦਿਆਰਥੀਆਂ ਅਤੇ ਗਰੁੱਪਾਂ ਦੀਆਂ ਸਿੱਖਣ ਦੀਆਂ ਲੋੜਾਂ ਕਿਵੇਂ ਪੂਰੀਆਂ ਕਰ ਰਿਹਾ ਹੈ।
- ਬੱਚੇ ਦੀ ਨਿੱਜੀ ਤਰੱਕੀ ਨੂੰ ਮਾਪਣ ਲਈ ਐੱਫ ਐੱਸ ਏ ਭਰੋਸੇਯੋਗ ਤਰੀਕਾ ਨਹੀਂ ਹੈ ਅਤੇ ਇਹ ਇਸ ਮੰਤਵ ਲਈ ਤਿਆਰ ਨਹੀਂ ਕੀਤਾ ਗਿਆ ਸੀ।
- ਵਿਦਿਆਰਥੀਆਂ ਦੇ ਡੈਟੇ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਵਾਲੀਆਂ ਹਿਫਾਜ਼ਤਾਂ ਦੇ ਨਾਲ ਸੂਬਾਈ ਅਸੈੱਸਮੈਂਟ ਦੇ ਬਿਹਤਰ ਮਾਡਲ ਸੰਭਵ ਹਨ।

## ਖੋਜ ਕੀ ਕਹਿੰਦੀ ਹੈ:

ਕਲਾਸਰੂਮ ਵਿਚ ਅਸਰਦਾਰ ਅਸੈੱਸਮੈਂਟ ਵਿਦਿਆਰਥੀ ਦੀ ਪੜ੍ਹਾਈ ਲਈ ਸਭ ਤੋਂ ਬਿਹਤਰ ਮਦਦ ਪ੍ਰਦਾਨ ਕਰਦੀ ਹੈ। ਵੱਡੇ ਪੱਧਰ ’ਤੇ ਅਸੈੱਸਮੈਂਟ ਪੜ੍ਹਾਈ ਦੇ ਸਿਸਟਮ ਅਤੇ ਇਸ ਦੇ ਪ੍ਰੋਗਰਾਮਾਂ ਦਾ ਵੱਡੇ ਪੱਧਰ ’ਤੇ ਮੁਲਾਂਕਣ ਕਰਨ ਲਈ ਸਭ ਤੋਂ ਜ਼ਿਆਦਾ ਫਾਇਦੇਮੰਦ ਹੈ।

ਵੱਡੇ ਪੱਧਰ ’ਤੇ ਟੈਸਟਿੰਗ, ਵਿਦਿਆਰਥੀ ਦੇ ਉਤਸ਼ਾਹ ਅਤੇ ਪੜ੍ਹਾਈ ’ਤੇ ਗਲਤ ਅਸਰ ਪਾ ਸਕਦੀ ਹੈ, ਜਿਸ ਦੇ ਘੱਟ ਨੰਬਰ ਲੈਣ ਵਾਲੇ ਵਿਦਿਆਰਥੀਆਂ ’ਤੇ ਸਭ ਤੋਂ ਭੈੜੇ ਅਸਰ ਪੈ ਸਕਦੇ ਹਨ, ਜਿਨ੍ਹਾਂ ਨੂੰ ਸਭ ਤੋਂ ਜ਼ਿਆਦਾ ਮਦਦ ਦੀ ਲੋੜ ਹੁੰਦੀ ਹੈ। ਟੈੱਸਟਾਂ ਦੇ ਅਸਰਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਵਿਦਿਆਰਥੀ ਥੋੜ੍ਹੇ ਸਮੇਂ ਦੇ ਟੀਚਿਆਂ ’ਤੇ ਧਿਆਨ ਕੇਂਦਰਿਤ ਕਰਦੇ ਹਨ: “ਟੈੱਸਟ ਵਿਚ ਕੀ ਹੈ?”
- ਵਿਦਿਆਰਥੀ ਇਹ ਸਿੱਟਾ ਕੱਢ ਸਕਦੇ ਹਨ ਕਿ ਉਹ ਕਾਮਯਾਬ ਹੋਣ ਦੇ ਅਯੋਗ ਹਨ ਅਤੇ ਆਪਣੇ ਯਤਨ ਘਟਾ ਸਕਦੇ ਹਨ।
- ਵਿਸ਼ੇ ਜਾਂ ਹੁਨਰ ਦੀ ਅਸਲੀ ਸਮਝ ਵਿਕਸਤ ਕਰਨ ਦੀ ਬਜਾਏ “ਟੈੱਸਟ ਬਾਰੇ ਪੜ੍ਹਾਈ ਕਰਾਉਣਾ”।
- ਵਿਦਿਆਰਥੀ, ਮਾਪੇ ਅਤੇ ਹੋਰ ਇਹ ਯਕੀਨੀ ਬਣਾ ਸਕਦੇ ਹਨ ਕਿ ਟੈੱਸਟ ਦੇ ਨਤੀਜੇ ਗਿਆਨ ਜਾਂ ਯੋਗਤਾ ਦੇ ਬਿਹਤਰ ਨਾਪ ਹਨ।

*ਪ੍ਰਾਪਤੀਆਂ ਦੇ ਮਿਲੀਅਨਜ਼ ਟੈੱਸਟ ਹਨ, ਅਤੇ ਮਲਟੀ-ਮਿਲੀਅਨ ਟੈੱਸਟ ਕਰਨ ਵਾਲੀਆਂ ਚੀਜ਼ਾਂ ਹਨ, ਪਰ ਇਸ ਚੀਜ਼ ਦਾ ਬਹੁਤ ਘੱਟ ਸਬੂਤ ਹੈ ਕਿ ਪ੍ਰਾਪਤੀਆਂ ਦੇ ਹੋਰ ਟੈੱਸਟ ਤਿਆਰ ਕਰਨਾ ਬਹੁਤੀ ਮਦਦ ਕਰੇਗਾ। ਭਾਵੇਂ ਔਨਲਾਈਨ ਜ਼ਿਆਦਾ ਪਹੁੰਚਯੋਗ, ਢਲਨਯੋਗ ਅਤੇ ਕਾਬਲ (ਅਤੇ ਵਧੀਆ) ਜ਼ਿਆਦਾ ਟੈੱਸਟ ਵੀ ਉਪਲਬਧ ਹੋ ਜਾਣ, ਜਦ ਤੱਕ ਉਹ ਵਿਦਿਆਰਥੀ ਦੀ ਪ੍ਰਾਪਤੀ ਬਾਰੇ ਜਾਣਕਾਰੀ ਦੇਣ ’ਤੇ ਕੇਂਦਰਿਤ ਰਹਿਣਗੇ, ਉਹ ਸਾਨੂੰ ਬਹੁਤ ਘੱਟ ਦੱਸਣਾ ਜਾਰੀ ਰੱਖਣਗੇ।*

— ਜੌਹਨ ਹੇਟੀ, ਵਟ ਡਜ਼ ਨੌਟ ਵਰਕ ਇਨ ਐਜੂਕੇਸ਼ਨ: ਦਿ ਪੋਲੀਟਿਕਸ ਔਫ ਡਿਸਟਰੈਕਸ਼ਨ, 2015

BCTF



## ਟੀਚਰ ਕਾਹਦੇ ਬਾਰੇ ਫਿਕਰਮੰਦ ਹਨ:

- ਕਲਾਸ ਵਿਚ ਅਸੈੱਸਮੈਂਟ ਦਾ ਮੰਤਵ ਵਿਦਿਆਰਥੀ ਦੀ ਪੜ੍ਹਾਈ ਵਿਚ ਮਦਦ ਕਰਨਾ ਹੈ। ਟੀਚਰ ਐੱਫ ਐੱਸ ਏ ਟੈੱਸਟਾਂ ਦਾ ਵਿਰੋਧ ਇਸ ਕਰਕੇ ਕਰਦੇ ਹਨ ਕਿਉਂਕਿ ਇਹ ਪੜ੍ਹਾਈ ਵਿਚ ਦਖਲਅੰਦਾਜ਼ੀ ਕਰਦੇ ਹਨ ਅਤੇ ਇਹ ਵਿਦਿਆਰਥੀ ਦੀ ਪ੍ਰਾਪਤੀ ਵਿਚ ਸੁਧਾਰ ਕਰਨ ਲਈ ਕੁਝ ਨਹੀਂ ਕਰਦੇ।
- ਐੱਫ ਐੱਸ ਏ ਟੈੱਸਟਾਂ ਦੇ ਨਤੀਜਿਆਂ ਦੀ ਫਰੇਜ਼ਰ ਇੰਸਟੀਚਿਊਟ ਵਲੋਂ ਦੁਰਵਰਤੋਂ ਨਾਲ ਗੁਮਰਾਹ ਕਰਨ ਵਾਲੇ ਸਕੂਲ ਦਰਜੇ ਪੈਦਾ ਹੁੰਦੇ ਹਨ ਜਿਹੜੇ ਨਤੀਜਿਆਂ ਦੀ ਗਲਤ ਤਸਵੀਰ ਪੇਸ਼ ਕਰਦੇ ਹਨ ਅਤੇ ਸਿਖਾਂਦਰੂਆਂ ਦਾ ਨੁਕਸਾਨ ਕਰਦੇ ਹਨ।

***ਮੌਜੂਦਾ ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਪ੍ਰੋਗਰਾਮ ਦੀ ਇਕ ਵੱਡੀ ਘਾਟ ਇਹ ਹੈ ਕਿ ਨਤੀਜਿਆਂ ਦੀ ਵਰਤੋਂ ਅਜਿਹੇ ਨਿਰਣੇ ਕਰਨ ਲਈ ਕੀਤੀ ਜਾਂਦੀ ਹੈ ਜਿਹੜੇ ਇਸ ਦੇ ਆਦੇਸ਼ ਤੋਂ ਬਾਹਰ ਹਨ। {ਬਾਹਰਲੇ ਗਰੁੱਪ} ਇਸ ਦੇ ਗਲਤ ਅਰਥ ਕੱਢਦੇ ਹਨ ਅਤੇ ਨਤੀਜਿਆਂ ਨੂੰ ਇਸ ਤਰ੍ਹਾਂ ਦੇ ਤਰੀਕਿਆਂ ਨਾਲ ਪ੍ਰਚਾਰਦੇ ਹਨ ਜਿਹੜੇ ਕਲਾਸਰੂਮਾਂ ਅਤੇ ਸਕੂਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਇਸ ਤਰ੍ਹਾਂ ਵਿਦਿਆਰਥੀਆਂ ਦਾ ਨੁਕਸਾਨ ਕਰਦੇ ਹਨ।***

— ਸੂਬਾਈ ਅਸੈੱਸਮੈਂਟ ਬਾਰੇ ਐਡਵਾਈਜ਼ਰੀ ਗਰੁੱਪ ਦੀ ਅੰਤਿਮ ਰਿਪੋਰਟ, ਮਈ 2014

## ਟੀਚਰ ਕੀ ਕਰ ਰਹੇ ਹਨ:



- ਟੀਚਰ ਮਾਪਿਆਂ ਨੂੰ ਕਹਿ ਰਹੇ ਹਨ ਕਿ ਉਹ ਆਪਣੇ ਬੱਚਿਆਂ ਨੂੰ, ਛੋਟਾਂ ਦੇ ਸਬੰਧ ਵਿਚ ਮਨਿਸਟਰੀ ਔਫ ਐਜੂਕੇਸ਼ਨ ਦੀਆਂ ਗਾਈਡਲਾਈਨਾਂ ਮੁਤਾਬਕ ਗਰੇਡ 4 ਅਤੇ ਗਰੇਡ 7 ਦੇ ਐੱਫ ਐੱਸ ਏ ਟੈੱਸਟਾਂ ਵਿਚ ਹਿੱਸਾ ਲੈਣ ਤੋਂ ਬਾਹਰ ਰੱਖਣ।
- ਟੀਚਰ, ਵਿਦਿਆਰਥੀ ਦੀ ਪੜ੍ਹਾਈ ਵਿਚ ਮਦਦ ਕਰਨ ਲਈ ਆਪਣੀ ਕਲਾਸ ਵਿਚਲੇ ਅਸੈੱਸਮੈਂਟ ਦੇ ਵੱਖ ਵੱਖ ਤਰੀਕੇ ਵਰਤਣਾ ਜਾਰੀ ਰੱਖ ਰਹੇ ਹਨ। ਇਸ ਨਾਲ ਟੀਚਰਾਂ ਦੀ ਤਰੱਕੀ 'ਤੇ ਨਿਗਰਾਨੀ ਰੱਖਣ ਅਤੇ ਵਿਦਿਆਰਥੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੀ ਪੜ੍ਹਾਈ ਨੂੰ ਅਡਜਸਟ ਕਰਨ ਵਿਚ ਮਦਦ ਹੁੰਦੀ ਹੈ।
- ਟੀਚਰ ਅਜਿਹੀਆਂ ਅਸੈੱਸਮੈਂਟਾਂ ਲੱਭਣ ਲਈ ਮਾਪਿਆਂ ਅਤੇ ਵਿਦਿਅਕ ਭਾਈਚਾਰੇ ਵਿਚ ਹੋਰਨਾਂ ਨਾਲ ਕੰਮ ਕਰਨਾ ਜਾਰੀ ਰੱਖਣਗੇ ਜਿਹੜੀਆਂ ਵਿਦਿਅਕ ਤੌਰ 'ਤੇ ਵਧੀਆ ਹਨ ਅਤੇ ਹਰ ਇਕ ਲਈ ਕੰਮ ਕਰਦੀਆਂ ਹਨ।

***ਕਦੇ ਕਦੇ, ਸਭ ਤੋਂ ਜ਼ਿਆਦਾ ਤੇਜ਼ ਅਤੇ ਸੂਝਵਾਨ ਦਿਮਾਗ ਟਕਸਾਲੀ ਟੈੱਸਟਾਂ ਵਿਚ ਚਮਕਦੇ ਨਹੀਂ ਕਿਉਂਕਿ ਉਨ੍ਹਾਂ ਦੇ ਟਕਸਾਲੀ ਦਿਮਾਗ ਨਹੀਂ ਹੁੰਦੇ।***

— ਡਾਇਆਨ ਰੈਵਿਚ, ਐਜੂਕੇਸ਼ਨ ਹਿਸਟੋਰੀਅਨ ਅਤੇ ਐਜੂਕੇਸ਼ਨ ਪੌਲਸੀ ਐਨਾਲਿਸਟ

## ਤੁਸੀਂ ਕੀ ਕਰ ਸਕਦੇ ਹੋ:

- ਮਾਪੇ ਸਕੂਲ ਪ੍ਰਿੰਸੀਪਲਾਂ ਨੂੰ ਇਹ ਕਹਿ ਸਕਦੇ ਹਨ ਕਿ ਉਹ ਉਨ੍ਹਾਂ ਦੇ ਬੱਚਿਆਂ ਨੂੰ, ਛੋਟਾਂ ਦੇ ਸਬੰਧ ਵਿਚ ਮਨਿਸਟਰੀ ਔਫ ਐਜੂਕੇਸ਼ਨ ਦੀਆਂ ਗਾਈਡਲਾਈਨਾਂ ਮੁਤਾਬਕ ਐੱਫ ਐੱਸ ਏ ਟੈੱਸਟਾਂ ਵਿਚ ਹਿੱਸਾ ਲੈਣ ਤੋਂ ਬਾਹਰ ਰੱਖਣ। ਬੀ ਸੀ ਟੀ ਐੱਫ ਦੇ ਵੈੱਬਸਾਈਟ *bctf.ca/parents.aspx* 'ਤੇ ਛੋਟ ਲੈਣ ਬਾਰੇ ਚਿੱਠੀ ਅਤੇ ਫਾਰਮ ਹੈ।
- ਟੀਚਰਾਂ ਨੂੰ ਉਨ੍ਹਾਂ ਅਸੈੱਸਮੈਂਟਾਂ ਬਾਰੇ ਪੁੱਛੋ ਜਿਹੜੀਆਂ ਉਹ ਪੜ੍ਹਾਈ ਵਿਚ ਮਦਦ ਲਈ ਵਰਤਦੇ ਹਨ।
- ਐੱਫ ਐੱਸ ਏ ਟੈੱਸਟਾਂ ਦੇ ਅਸਰਾਂ ਬਾਰੇ ਗੱਲਬਾਤ ਵਿਚ ਹੋਰ ਮਾਪਿਆਂ ਨਾਲ ਸ਼ਾਮਲ ਹੋਵੋ।

**ਹੋਰ ਜਾਣਕਾਰੀ ਲਈ: *bctf.ca/fsa.aspx***